# ਅੰਤ ਨੂੰ!

## ਇਥੇ ਹੈ ਤੁਹਾਡਾ(ਡਰੱਮ ਰੋਲ...)

Mission ON THE FRASER

June 2011




# ਰੌਟ ਪੌਟ

### ਆਪਦੀ ਰਸੋਈ ਦੀ ਕੋਈ ਵੀ ਚੀਜ ਜੋ ਗਲ ਜਾਵੇਗੀ ਪਾਉ।



## "ਰੌਟ ਪੌਟਰ ਬਣੋ!

### ਮੈਨੂੰ ਰੌਟ ਪੌਟਰ ਕਿਉਂ ਬਣਨਾ ਚਾਹੀਦਾ

ਵੇਸਟ ਔਡਿਟ ਦਿਖਾਉਂਦਾ ਹੈ ਕਿ ਘਰ ਦੇ ਖੂੰਜੇ ਤੇ ਰੱਖਿਆ ਜਾਦਾ ਕੂੜਾ ਕਰਕਟ ਦਾ **50%** ਗਾਲਿਆ ਜਾ ਸਕਦਾ ਹੈ।ਇਹ ਮਾਲ 2000 ਟਨ ਹਰ ਸਾਲ ਹੁੰਦਾ ਹੈ ਜੋਕਿ ਲੈਂਡਫਿਲ ਵਿੱਚ ਨਹੀਂ ਜਾਣਾ ਚਾਹੀਦਾ ਹੈ।ਲੈਂਡਫਿਲ ਨੂੰ ਚਲਾਉਣਾ, ਕਾਇਮ ਰੱਖਣਾ ਅਤੇ ਮੌਨਿਟਰ ਕਰਨਾ ਆਉਣ ਵਾਲੀਆਂ ਪੀੜੀਆਂ ਤੇ ਮਾਲੀ ਭਾਰ ਪਾਉਂਦਾ ਹੈ। ਹੋਰ ਜਿਆਦਾ, ਖਾਣੇ ਦਾ ਕੂੜਾ, ਲੈਂਡਫਿਲ ਵਿੱਚ ਆਕਸੀਜਨ ਰਹਿਤ ਵਾਤਾਵਰਨ ਵਿੱਚ ਮੈਥੇਨ ਪੈਦਾ ਕਰਦਾ ਹੈ,ਮੈਥੇਨ ਬਹੁਤ ਹੀ ਮਾੜੀ ਗਰੀਨ ਹਾਊਸ ਗੈਸ ਹੈ(ਕਾਰਬਨ ਡਾਇਔਕਸਾਈਡ ਤੋਂ 21 ਗੁਣਾ ਜਿਆਦਾ ਤਾਕਤਵਰ ਹੈ

### ਮੈਂ ਰੌਟ ਪੌਟਰ ਕਿਵੇਂ ਬਣਾ!

ਖਾਣੇ ਦਾ ਸਾਰਾ ਕੂੜਾ ਅਤੇ ਛੂਹੇ ਹੋਏ ਪੇਪਰ ਅਤੇ ਪੀਜੇ ਵਾਲੇ ਬੌਕਸ,ਗਾਰਵੇਜ ਬਿੰਨ ਵਿੱਚ ਪਾਣ ਦੀ ਥਾਂ ਰੌਟ ਪੌਟ ਵਿੱਚ ਪਾਉ।ਕਿਰਪਾ ਕਰਕੇ, ਰੌਟ ਪੌਟ ਨੂੰ ਬੈਗ ਨਾ ਲਾਉ, ਇਸ ਦੀ ਥਾਂ ਕੁੱਝ ਅਖਬਾਰ ਦਾ ਕਾਗਜ, ਥੱਲੇ ਅਤੇ ਖਾਣੇ ਦੀਆਂ ਤੈਹਾਂ ਵਿੱਚ ਤਰਲ ਨੂੰ ਸੋਂਵਤ ਕਰਨ ਲਈ ਪਾਉ।

### ਰਿੱਛਾਂ ਬਾਰੇ ਕੀ ਖਿਆਲ ਹੈ।

ਵਿਚਾਰੋ ਕਿ ਰੌਟ ਪੌਟ ਵਰਤਕੇ,ਤੁਸੀਂ ਘਰ ਦੇ ਖੂੰਜੇ ਤੇ ਕੋਈ ਆਮ ਨਾਲੋਂ ਵੱਖਰਾ ਨਹੀਂ ਰੱਖ ਰਹੇ,ਜੇ ਤੁਸੀਂ ਖਾਣੇ ਵਾਲਾ ਕੂੜਾ ਗਾਰਵੇਜ ਵਿੱਚ ਪਾਉਣਾ,ਤੁਸੀਂ ਉਸਨੂੰ ਸਿਰਫ ਵੱਖਰੇ ਬਿਨ ਵਿੱਚ ਹੀ ਪਾਉਣਾ ਹੈ।ਕੂੜਾ ਚੁੱਕਣ ਦੀ ਸਵੇਰ ਤੋਂ ਪਹਿਲਾਂ ਤੁਹਾਡਾ ਰੌਟ ਪੌਟ, ਗਾਰਵੇਜ ਅਤੇ ਰੀਸਾਈਕਏਬਲ ਚੀਜਾਂ ਕਿਸੇ ਸਰੱਖਿਅਤ ਥਾਂ ਤੇ ਹੋਣੀਆਂ ਚਾਹੀਦੀਆਂ ਹਨ।ਰਿੱਛ ਖਾਣੇ ਦੀ ਹੀ ਭਾਲ ਕਰਦੇ ਹਨ ਅਤੇ ਸੁਗੰਧ ਨਾਲ ਖਿੱਚੇ ਜਾਂਦੇ ਹਨ।




### ਕਿਰਪਾ ਕਰਕੇ ਇਹ ਚੀਜਾਂ ਨਾ ਪਾਉ

- ਪਲਾਸਟਿਕ
- ਪਲਾਸਟਿਕ ਰੈਪ, ਬੈਗ,ਲਾਈਨਰ, ਕਨਟੇਨਰ
- ਸਟਾਇਰੋਫੋਮ
- ਮੌਮ ਅਤੇ ਫੋਇਲ ਲੱਗਿਆ ਪੇਪਰ
- ਦੁਧ ਵਾਲੇ ਕਾਰਟਨ
- ਕਚ
- ਧਾਤੂ
- ਟਿਨ ਫੋਇਲ ਢੱਕਣ
- ਜਾਨਵਰਾਂ ਦੀ ਟੱਟੀ
- ਡਾਇਪਰ

ਉਪਰ ਲਿਖੀਆਂ ਚੀਜਾਂ ਵਾਲਾ ਰੌਟ ਪੌਟ ਖਾਲੀ ਨਹੀਂ ਕੀਤਾ

# ਮੈਂ ਰੌਟ ਪੌਟ ਨੂੰ ਕਿਵੇਂ ਤਿਆਰ ਕਰਾਂ

ਤੁਹਾਡਾ ਰੌਟ ਪੌਟ ਵਰਤਣ ਲਈ ਤਿਆਰ ਹੈ।ਇਹ ਪਹਿਲਾਂ ਹੀ ਖਾਣੇ ਦੇ ਕੂੜੇ ਲਈ ਤਿਆਰ ਕੀਤਾ ਹੋਇਆ ਹੈ,ਇਸ ਲਈ ਚੁੱਕਣ ਵਾਸਤੇ ਇਸਤੇ ਹੋਰ ਸੰਤਰੀ ਸਟਿਕਰ ਦੀ ਲੋੜ ਨਹੀਂ ਹੈ।ਪੈਸੇ ਬਚਾਉਂਦਾ ਹੈ।ਤੁਹਾਨੂੰ ਰੌਟ ਪੌਟ ਵਿੱਚ ਲਾਈਨਰ ਵੀ ਪਾਉਣ ਦੀ ਲੋੜ ਨਹੀਂ ਹੈ।ਜੇ ਤੁਸੀਂ ਲਾਈਨਰ ਚਾਹੁੰਦੇ ਹੋ,ਤਾਂ ਗਲਜਾਣ ਵਾਲਾ ਹੀ ਬੈਗ ਵਰਤਿਆ ਜਾਣਾ ਚਹੀਦਾ ਹੈ।ਬਾਇਓਡੀਗਰੇਡਏਬਲ ਬੈਗ ਮਨਜੂਰ ਨਹੀਂ ਹਨ।ਕਮਪੋਸਟੇਬਲ ਬੈਗ ਤੇ ਇਹਨਾ ਵਿੱਚੋਂ

ਇੱਕ ਸਟਿਕਰ ਹੋਵੇ।

ਕਿਰਪਾ ਕਰਕੇ, ਆਪਦੇ ਰੌਟ ਪੌਟ ਨੂੰ ਚੁੱਕਣ ਦੀ ਨਿਸਚਿਤ ਸਵੇਰ ਤੱਕ ਅੰਦਰ ਹੀ ਰੱਖੋ। ਜਦੋਂ ਇਸ ਨੂੰ ਬਾਹਰ ਰੱਖਣਾ ਹੈ ਧਾਤੂ ਦੀ ਕੁੰਡੀ ਨੂੰ ਥੱਲੇ ਦਬਾਓ

ਕਿਰਪਾ ਕਰਕੇ ਨੋਟ ਕਰੋ ਰੌਟ ਪੌਟ ਰਿੱਛ ਪਰੂਫ ਨਹੀਂ ਹੈ।

ਜੇ ਤੁਸੀਂ ਘਰ ਬਦਲਦੇ ਹੋ, ਕਿਰਪਾ ਕਰਕੇ ਰੌਟ ਪੌਟ ਅਗਲੇ ਰਹਿਣ ਵਾਲੇ ਦੀ ਵਰਤੋਂ ਵਾਸਤੇ ਛੱਡੋ।

# ਕੀ ਮੈਨੂੰ ਹਾਲੇ ਵੀ ਬੈਕਯਾਰਡ ਵਾਲਾ ਕਮਪੋਸਟਰ ਵਰਤਣਾ ਚਾਹੀਦਾ ਹੈ

ਜੇ ਤੁਹਾਨੂੰ ਰਿੱਛਾਂ, ਰੈਕੂਨ,ਕੁਤਿਆਂ ਜਾਂ ਚੂਹਿਆਂ ਦੀ ਤੁਹਾਡੇ ਘਰ ਦੇ ਪਿਛੇ ਕਮਪੋਸਟਰ ਤੱਕ ਪਹੁੰਣ ਦੀ ਮੁਸ਼ਕਿਲ ਨਹੀਂ ਆਉਂਦੀ ਹੈ, ਤਾਂ ਕਿਰਪਾ ਕਰਕੇ, ਜਰੂਰ ਵਰਤੋ।ਰੌਟ ਪੌਟ ਤਹਾਡੇ ਘਰ ਦੇ ਪਿਛਲੇ ਕਮਪੋਸਟਰ ਦੀ ਥਾਂ ਲੈਣ ਦੀ ਨੀਅਤ ਨਾਲ ਨਹੀ ਬਣਾਇਆ ਗਿਆ।ਇਹ ਖਾਣੇ ਦੇ ਕੂੜੇ ਨੂੰ ਵੱਖਰਾ ਕਰਨ ਦੇ ਮਤਲਬ ਲਈ ਬਣਾਇਆ ਗਿਆ ਹੈ,ਜਿਵੇਂ ਕਿ ਮਾਸ, ਹੱਡੀਆਂ, ਪੱਕਿਆ ਹੋਇਆ ਬਚਿਆ ਖਾਣਾ,ਬਰੈਡ ਆਦਿ।ਇਹ ਮਾਲ ਘੱਟ ਤੇਜੀ ਨਾਲ ਗਲਣ ਵਾਲੇ ਘਰ ਦੇ ਕਮਪੋਸਟਰ ਵੱਲ ਜਾਨਵਰਾਂ ਨੂੰ ਖਿਚਦੇ ਹਨ,ਪਰ ਇਹਨਾਂ ਨੂੰ ਕਮਰਸ਼ਲ ਅਦਾਰੇ ਵਿੱਚ ਸਫਲ ਤਰੀਕੇ ਨਾਲ ਗਾਲਿਆ ਜਾ ਸਕਦਾ ਹੈ-



# ਮੇਰੇ ਵਿਹੜੇ ਦੇ ਕੂੜੇ ਦੇ ਕਮਪੋਸਟ ਬਿਨ ਬਾਰ ਕਿਵੇਂ ਹੈ?

ਵਿਹੜੇ ਦਾ ਕੂੜਾ ਵੀ 80 ਲਿਟਰ ਬਿਨ ਜਿਸ ਤੇ ਸੰਤਰੀ ਸਟਿਕਰ ਹੋਵੇ, ਕਾਗਜ ਦਾ ਬੈਗ ਅਤੇ ਕਮਪੋਸਟਏਬਲ ਪਲਾਸਟਿਕ ਬੈਗ ਵਿੱਚ ਇੱਕਠਾ ਕੀਤਾ ਜਾਵੇਗਾ।ਰੌਟ ਪੌਟ ਵਿੱਚਲੀ ਖਾਲੀ ਥਾਂ ਵੀ ਭਰੀ ਜਾ ਸਕਦੀ ਹੈ, ਜਦੋਂ ਤੱਕ ਭਾਰ 20 ਕਿਲੋ ਭਾਰ ਜੋ ਸਾਰੇ ਰੱਖੇ ਜਾਣ ਵਾਲੇ ਕਨਟੇਨਰ, ਬੈਗ ਅਤੇ ਬੰਡਲਾਂ ਤੇ ਲਾਗੂ ਹੈ, ਉਸ ਤੋਂ ਵਧਦਾ ਨਹੀਂ ਹੈ।





# ਮੈਂ ਰਸੋਈ ਦਾ ਕੂੜਾ ਕਿਵੇਂ ਇਕੱਠ ਕਰਾਂ?

ਖਾਣੇ ਦਾ ਕੂੜਾ ਇੱਕ ਠੀਕ ਢੱਕਣ ਵਾਲੇ ਭਾਂਡੇ ਵਿੱਚ ਇੱਕਠਾ ਅਤੇ ਜਮਾਂ ਕੀਤਾ ਜਾ ਸਕਦਾ ਹੈ ਅਤੇ ਰੌਟ ਪੌਟ ਵਿੱਚ ਲਗਾਤਾਰ ਪਾਉਂਦੇ ਰਹਿਣਾ ਚਾਹੀਦਾ ਹੈ।ਇੱਕ ਆਈਸ ਕਰੀਮ ਵਾਲੀ ਢੱਕਣ ਸਮੇਤ ਬਾਲਟੀ ਵੀ ਕੰਮ ਆ ਸਕਦੀ ਹੈ ਜਾਂ ਸਥਾਨਕ ਸਟੋਰਾਂ ਤੋਂ ਮਿਲਣ ਵਾਲੀ ਖਾਸ ਬਾਲਟੀ ਵੀ ਵਰਤ ਸਕਦੇ ਹੋ।ਸਿਲਾਬ ਨੂੰ ਜਜਬ ਕਰਨ ਲਈ ਕਿਚਨ ਕੈਚਰ ਦੇ ਥੱਲੇ ਤੇ ਅਖਬਾਰ ਦਾ ਪੇਪਰ ਮਰੋੜਕੇ ਰੱਖੋ ਅਤੇ ਫਲਾਂ ਦੀਆਂ ਮੱਖੀਆਂ ਅਤੇ ਦੁਰਗੰਧ ਰੋਕਣ ਲਈ ਢੱਕਣ ਬੰਦ ਰੱਖੋ।

# ਇਸ ਵਿੱਚ ਮੇਰੇ ਲਈ ਕੀ ?

ਕੰਮਪੋਸਟ ਵਾਲਾ ਮਾਲ ਬਾਹਰ ਰੱਖਣਾ ਕੇਵਲ ਲੈਂਡਫਿਲ ਦੇ ਵਾਤਾਵਰਣ ਦਾ ਫਾਇਦਾ ਹੀ ਨਹੀਂ ਕਰਦਾ ਪਰ ਕਰਬ ਸਾਈਡ ਤੋਂ ਕੁਲੈਕਸ਼ਨ ਦੀ ਲਿਮਿਟ ਨੂੰ ਪੂਰਾ ਕਰਨ ਲਈ ਵੀ ਮਦਦ ਕਰਦਾ ਹੈ।ਇੱਕ ਚਾਰ ਬੰਦਿਆਂ ਵਾਲੇ ਪਰਿਵਾਰ ਨੂੰ ਆਮ ਹਾਲਾਤਾਂ ਵਿੱਚ,ਰੀਸਾਈਕਲਿੰਗ ਅਤੇ ਕੰਮਪੋਸਟ ਦੇ ਠੀਕ ਤਰੀਕੇ ਵਰਤਕੇ, ਹਰ ਹਫਤੇ ਇੱਕ 80 ਲਿਟਰ ਵਾਲੇ ਅੱਧੇ ਬਿੰਨ ਤੋਂ ਵੱਧ ਕੂੜਾ ਨਹੀਂ ਪੈਦਾ ਕਰਨਾ ਚਾਹੀਦਾ ਹੈ ।ਹਰ ਹਫਤੇ ਦੋ 80 ਲਿਟਰ ਵਾਲੇ ਦੋ ਬਿੰਨਾਂ ਦੀ ਲਿਮਿਟ ਵਿੱਚ ਵਾਧੂ ਕੂੜੇ ਲਈ ਜਿਵੇਂ ਕਿ ਡਾਇਪਰਾਂ ਲਈ ਡੇਢ ਬਿੰਨ ਮਿਲ ਜਾਂਦਾ ਹੈ।

ਖਾਣੇ ਦੇ ਕੂੜੇ ਤੋਂ ਪੈਦਾ ਕੀਤਾ ਕਮਪੋਸਟ ਮਿਸ਼ਨ ਦੇ ਵਸਨੀਕਾਂ ਨੂੰ ਚੁੱਕਣ ਲਈ, ਮਿਸ਼ਨ ਲੈਂਡਫਿਲ ਤੋਂ ਸਮੇਂ ਅਨੁਸਾਰ ਮਿਲ ਸਕੇਗਾ

# ਸਵਾਲ?

ਜੇ ਤੁਹਾਨੂੰ ਲਗਦਾ ਹੈ,ਇਸ ਨਿਊਜਲੈਟਰ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਵਾਧੂ ਲੋੜ ਹੈ ਤਾਂ ਕਿਰਪਾ ਕਰਕੇ ਡਿਸਟਰਿਕਟ ਦੇ ਦੇ ਵੈਬਸਾਈਟ ਤੇ www.mission.ca ਜਾਂ ਇਨਵਾਇਰਮੈਂਟਲ ਕੋਔਰਡੀਨੇਟਰ ਨਾਲ ਸੰਪਰਕ ਕਰੋ engineeringg@mission.ca or 604-820-3736.

**ਇਸ ਹੱਲ ਦਾ ਭਾਗੀ ਬਣੋ!**